BRITISH COLUMBIA
Ministry of Education

# Punjabi 12

Examination Booklet
June 2006

# Form A

**DO NOT** OPEN ANY EXAMINATION MATERIALS UNTIL INSTRUCTED TO DO SO.

FOR FURTHER INSTRUCTIONS REFER TO THE RESPONSE BOOKLET.

**Contents: 18 pages**
54 multiple-choice questions (maximum of 54 marks)
3 written-response questions (maximum of 36 marks)

**Examination: 2 hours**
**Additional Time Permitted: 60 minutes**
© Province of British Columbia

## PART A: LINGUISTIC COMPETENCY COMPONENT

## SECTION 1: LANGUAGE ELEMENTS

**Value: 10 marks** **Suggested Time: 10 minutes**

**INSTRUCTIONS:** For questions 1 to 10, select the answer that **best** completes the sentence and record your choice on the **Answer Sheet** provided. Using an HB pencil, completely fill in the bubble that has the letter corresponding to your answer.

You have **Examination Booklet Form A**. In the box above #1 on your **Answer Sheet**, fill in the bubble as follows.

| Exam Booklet Form/ Cahier d'examen | A | B | C | D | E | F | G | H |
|---|---|---|---|---|---|---|---|---|
| | ● | ○ | ○ | ○ | ○ | ○ | ○ | ○ |

1. ਸਿਪਾਹੀ ਛੁੱਟੀ ਲੈ ਕੇ ਘਰ ___________ ਰਿਹਾ ਹੈ ।

   A. ਆ
   B. ਆਏ
   C. ਆਇਆ
   D. ਆ ਗਿਆ

2. ਸਿਆਣਿਆਂ ਨੇ ___________ ਹੀ ਕਿਹਾ ਹੈ, "ਪਹਿਲੇ ਪੇਟ ਪੂਜਾ, ਫਿਰ ਕੰਮ ਦੂਜਾ ।"

   A. ਸੋਚ
   B. ਠੀਕ
   C. ਸਮਝ
   D. ਪਰਖ

3. ਭਰਜਾਈ ਨੇ ___________ ਹੱਥ ਭਾਂਡੇ ਵਿੱਚ ਕਿਉਂ ਪਾਇਆ ?

   A. ਆਪਣੇ
   B. ਆਪਣਾ
   C. ਆਪਣੀ
   D. ਆਪਣੀਆਂ

4. __________ ਭਰਾ ਨੇ ਵੀਰੋ ਨੂੰ ਤੋਹਫ਼ਾ ਦਿੱਤਾ।

A. ਵੱਡੇ
B. ਬੜਾ
C. ਵੱਡਾ
D. ਛੋਟੀ

5. ਡਰ ਨਾਲ ਉਸਦਾ ਦਿਲ ਬਹੁਤ __________ ਧੜਕ ਰਿਹਾ ਸੀ।

A. ਤੇਜ਼
B. ਥੱਲੇ
C. ਵੱਡਾ
D. ਪਿੱਛੇ

6. ਤੁਸੀਂ ਗਰਮੀਆਂ ਦੀਆਂ ਛੁੱਟੀਆਂ __________ ਬਿਤਾ ਰਹੇ ਹੋ ?

A. ਕੌਣ
B. ਕਿਸ
C. ਕਿਵੇਂ
D. ਕਿਉਂ

7. ਮੇਰੇ __________ ਵਿੱਚ ਇੱਕ ਕਿਤਾਬ ਪਈ ਹੈ।

A. ਕਮਰੇ
B. ਕਮਰਾ
C. ਲਾਇਬ੍ਰੇਰੀ
D. ਲਾਇਬ੍ਰੇਰੀਆਂ

8. ਰਾਣੀ __________ ਘਰ ਮੁੰਡਾ ਅਤੇ ਕੁੜੀ ਪੈਦਾ ਹੋਏ।

A. ਦੇ
B. ਦਾ
C. ਦੀ
D. ਦੀਆਂ

9. ਮੈਨੂੰ ਬੁਖਾਰ ਹੋ ਗਿਆ ਸੀ __________ ਅਜੇ ਤਕ ਉਤਰਿਆ ਨਹੀਂ ।

A. ਸੋ
B. ਜੋ
C. ਕਿ
D. ਕਿਉਂਕਿ

10. ਇਸ ਸਕੂਲ ਵਿੱਚ ਵਿਦਿਆਰਥੀਆਂ ਨੂੰ ਪੰਜਾਬੀ __________ ਜਾਂਦੀ ਹੈ ।

A. ਪੜ੍ਹੀ
B. ਪੜ੍ਹਨੀ
C. ਪੜ੍ਹਾਈ
D. ਪੜ੍ਹਾਉਂਦੀ

## SECTION 2: CLOZE PASSAGE

**Value: 10 marks** **Suggested Time: 10 minutes**

| | |
|---|---|
| **INSTRUCTIONS:** | For questions 11 to 20, select the answer that **best** completes the sentence and record your choice on the **Answer Sheet** provided. |

### ਦੇਸ ਪ੍ਰਦੇਸ

ਇੱਥੇ ਪੱਛਮੀ ਸਭਿਅਤਾ ਵਿੱਚ ਹਰ ਕੋਈ ਆਪਣੇ ਆਪ ਵਿੱਚ ਰਹਿਣਾ ਜ਼ਿਆਦਾ ਪਸੰਦ ਕਰਦਾ ਹੈ। ਵੈਨਕੂਵਰ ਕਨੇਡਾ ਦਾ ਤੀਸਰਾ ਵੱਡਾ ਸ਼ਹਿਰ ਹੈ ਫਿਰ ਵੀ ਇੱਥੇ ਨਵੇਂ ਆਇਆਂ ਲਈ ਇਕੱਲਾਪਨ ਬਹੁਤ ਹੈ। ਇਥੋਂ ਦਾ ਮੌਸਮ ਵੀ ਬੜਾ ਅਜੀਬ ਹੈ। ਇੱਥੇ ਜੇ ਤੁਹਾਡਾ ਕੋਈ ਮਿੱਤਰ ਜਾਂ ਰਿਸ਼ਤੇਦਾਰ ਨਾ ਹੋਵੇ ਤਾਂ ਤੁਸੀਂ ਬਹੁਤ ਇਕੱਲੇ ਤੇ __11__ ਹੋ ਜਾਂਦੇ ਹੋ। ਸਰਦੀਆਂ ਵਿੱਚ ਅਸਮਾਨ ਕਾਲੇ ਬੱਦਲਾਂ ਨਾਲ __12__ ਰਹਿੰਦਾ ਹੈ। ਧੁੰਦ ਅਕਸਰ ਹੀ ਰਹਿੰਦੀ ਹੈ। ਕਦੀ ਕਦਾਈਂ ਬਰਫ਼ ਵੀ ਪੈ ਜਾਂਦੀ ਹੈ। ਸੜਕਾਂ, ਛੱਤਾਂ ਅਤੇ ਪੇੜ-ਪੌਦੇ (greenery) ਬਰਫ਼ __13__ ਢੱਕੇ ਜਾਂਦੇ ਹਨ। ਚਾਰੇ ਪਾਸੇ ਚਿੱਟਾ ਦਿਖਾਈ ਦਿੰਦਾ ਹੈ। ਸੜਕਾਂ ਤੇ ਤਿਲਕਣ ਹੋਣ ਕਰਕੇ __14__ ਜੂੰ ਦੀ ਚਾਲ (slow) ਚਲਦੀਆਂ ਹਨ। ਫਿਰ ਵੀ ਐਕਸੀਡੈਂਟ ਹੋਣ ਦਾ ਬਹੁਤ ਡਰ __15__ ਹੈ। ਕਾਰਡਾਂ, ਪੋਸਟਰਾਂ ਅਤੇ ਫ਼ੋਟੋਆਂ ਵਿੱਚ __16__ ਬਰਫ਼ ਬਹੁਤ ਹੀ ਸੋਹਣੀ ਲਗਦੀ ਹੈ। ਇਸ ਵਿੱਚ ਰਹਿਣਾ ਬਹੁਤ ਹੀ __17__ ਹੈ। ਗਰਮ ਅਤੇ ਭਾਰੇ ਬੂਟ ਪਾ ਕੇ ਬਾਹਰ ਜਾਣਾ ਪੈਂਦਾ ਹੈ ਨਹੀਂ ਤਾਂ __18__ ਦਾ ਡਰ ਰਹਿੰਦਾ ਹੈ। ਕੋਟ ਵੀ ਚੰਗੇ ਮੋਟੇ ਅਤੇ __19__ ਪਾਉਣੇ ਪੈਂਦੇ ਹਨ। ਇਸ ਤਰ੍ਹਾਂ ਆਪਣੇ ਆਪ ਨੂੰ ਲੱਦ ਕੇ ਬਾਹਰ ਨਿਕਲਣਾ ਬਹੁਤ ਹੀ ਔਖਾ ਲਗਦਾ ਹੈ। ਇਸ ਵਕਤ ਪੰਜਾਬ ਦੀ ਯਾਦ ਹੋਰ ਵੀ __20__ ਆਉਂਦੀ ਹੈ। ਵਾਹ, ਖੇਤਾਂ ਦੇ ਕਿਨਾਰੇ ਫਿਰਨਾ, ਗੰਨੇ ਚੂਪਣੇ, ਅਤੇ ਸੱਦਾਂ (songs) ਗਾਉਣੀਆਂ। ਉਹ ਮਜ਼ੇ ਇੱਥੇ ਕਿੱਥੇ !

11. A. ਇਕੱਠੇ
B. ਗਰੀਬ
C. ਉਦਾਸ
D. ਤੰਦਰੁਸਤ

12. A. ਵੰਡਿਆ
B. ਭਿਜਿਆ
C. ਘਿਰਿਆ
D. ਖਿਲਰਿਆ

13. A. ਕੋਲ
B. ਉੱਤੇ
C. ਅੱਗੇ
D. ਨਾਲ

14. A. ਕਾਰਾਂ
B. ਟਰੱਕ
C. ਜਹਾਜ਼
D. ਹਵਾਵਾਂ

15. A. ਜਾਂਦਾ
B. ਰਹਿੰਦਾ
C. ਮਿਲਦਾ
D. ਆਉਂਦਾ

16. A. ਉਸ
B. ਇਹ
C. ਇਸ
D. ਉਹਨਾਂ

17. A. ਸੌਖਾ
B. ਸੋਹਣਾ
C. ਮੁਮਕਿਨ
D. ਮੁਸ਼ਕਿਲ

18. A. ਤੁਰਨ
B. ਡਿੱਗਣ
C. ਤੁਰਾਉਣ
D. ਡਿਗਾਉਣ

19. A. ਠੰਡੇ
B. ਪਤਲੇ
C. ਗਰਮ
D. ਸਰਦੀ

20. A. ਘੱਟ
B. ਥੋਹੜੀ
C. ਵਧੇਰਾ
D. ਜ਼ਿਆਦਾ

## PART B: READING COMPONENT

## SECTION 3: FICTION (PROSE)

**Value: 10 marks** **Suggested Time: 20 minutes**

**INSTRUCTIONS:** Read the following passage carefully. For questions 21 to 30, select the **best** answer and record your choice on the **Answer Sheet** provided.

### ਝਗੜੇ ਦਾ ਨਤੀਜਾ

ਸਵਿਤਾ ਅਤੇ ਜੈਸਮਿਨ ਦੋਵੇਂ ਭੈਣਾਂ ਆਪਸ ਵਿੱਚ ਛੋਟੇ ਹੁੰਦਿਆਂ ਤਾਂ ਬਹੁਤ ਪ੍ਰੇਮ ਨਾਲ ਰਹਿੰਦੀਆਂ ਸਨ ਪਰ ਅੱਜ ਕੱਲ੍ਹ ਹਮੇਸ਼ਾਂ ਹੀ ਲੜਦੀਆਂ ਝਗੜਦੀਆਂ ਰਹਿੰਦੀਆਂ ਹਨ । ਛੋਟੀ ਛੋਟੀ ਗੱਲ ਤੇ ਬਹਿਸ ਕਰਨ ਲੱਗ ਪੈਂਦੀਆਂ ਹਨ । ਇਸ ਗੱਲ ਤੋਂ ਉਨ੍ਹਾਂ ਦੇ ਮਾਤਾ ਪਿਤਾ ਬਹੁਤ ਹੀ ਪਰੇਸ਼ਾਨ ਰਹਿੰਦੇ ਹਨ । ਉਨ੍ਹਾਂ ਨੇ ਆਪਣੀ ਪਰੇਸ਼ਾਨੀ ਬਜ਼ੁਰਗ ਬਾਪੂ ਜੀ ਨੂੰ ਦੱਸੀ ।

ਅਗਲੇ ਦਿਨ ਬਾਪੂ ਜੀ, ਜੋ ਹਰ ਰੋਜ਼ ਆਪਣੇ ਦੋਸਤਾਂ ਨਾਲ ਸੈਰ ਕਰਨ ਜਾਇਆ ਕਰਦੇ ਸਨ, ਦੋਹਾਂ ਹੀ ਬੱਚੀਆਂ ਨੂੰ ਆਪਣੇ ਨਾਲ ਕੁਈਨ ਐਲਿਜ਼ਬੈਥ ਪਾਰਕ ਲੈ ਗਏ । ਬਾਪੂ ਜੀ ਨੇ ਕਿਹਾ, "ਦੇਖੋ ਬੱਚੀਓ, ਮੈਂ ਤੁਹਾਨੂੰ ਇੱਕ ਕਹਾਣੀ ਸੁਣਾਉਂਦਾ ਹਾਂ।" ਦੋਵੇਂ ਹੀ ਬਹੁਤ ਧਿਆਨ ਨਾਲ ਸੁਣਨ ਲਗੀਆਂ ।

ਪੁਰਾਣੇ ਸਮੇਂ ਦੀ ਗੱਲ ਹੈ ਕਿ ਇੱਕ ਜੰਗਲ ਦੇ ਕਿਨਾਰੇ ਇੱਕ ਪਿੰਡ ਵਿੱਚ ਇੱਕ ਬਿੱਲੀ ਰਹਿੰਦੀ ਸੀ ਜਿਸ ਦੀਆਂ ਦੋ ਧੀਆਂ ਅਤੇ ਦੋ ਪੁੱਤਰ ਸਨ । ਇੱਕ ਦਿਨ ਦੋਹਾਂ ਧੀਆਂ ਨੇ ਜ਼ਿੱਦ ਕਰਕੇ ਕਿਹਾ, "ਅਸਾਂ ਆਪਣੀ ਮਾਸੀ ਨੂੰ ਮਿਲਣ ਜਾਣਾ ਹੈ । ਅਸੀਂ ਆਪੇ ਹੀ ਚਲੀਆਂ ਜਾਵਾਂਗੀਆਂ।"

ਸਵੇਰੇ ਸਵੇਰੇ ਬਿੱਲੀ ਦੋਹਾਂ ਧੀਆਂ ਨੂੰ ਜੰਗਲ ਲੰਘਾ ਕੇ ਵਾਪਸ ਘਰ ਆ ਗਈ । ਦੋਵੇਂ ਖੁਸ਼ੀ ਖੁਸ਼ੀ ਨੱਚਦੀਆਂ ਟੱਪਦੀਆਂ ਮਾਸੀ ਦੇ ਘਰ ਵੱਲ ਤੁਰੀਆਂ ਗਈਆਂ । ਜਦ ਥੱਕ ਗਈਆਂ ਤਾਂ ਇੱਕ ਦਰੱਖ਼ਤ ਥੱਲੇ ਬੈਠ ਗਈਆਂ । ਨਿੱਕੀ ਭੈਣ ਨੇ ਕਿਹਾ, "ਮੈਨੂੰ ਭੁੱਖ ਲੱਗੀ ਹੈ । ਮੈਂ ਹੋਰ ਨਹੀਂ ਤੁਰ ਸਕਦੀ ।" ਵੱਡੀ ਭੈਣ ਨੇ ਚਾਰੇ ਪਾਸੇ ਤੱਕਿਆ ਕਿ ਕੁਝ ਖਾਣ ਨੂੰ ਲੱਭ ਜਾਵੇ । ਥੋਹੜੀ ਦੂਰ ਕੁਝ ਆਦਮੀ ਖਾਣਾ ਖਾ ਰਹੇ ਸਨ । ਜਦ ਉਹ ਚਲੇ ਗਏ ਤਾਂ ਵੱਡੀ ਬਿੱਲੀ ਨੇ ਦੇਖਿਆ ਕਿ ਉਨ੍ਹਾਂ ਦੀ ਇੱਕ ਰੋਟੀ ਉਥੇ ਹੀ ਰਹਿ ਗਈ ਸੀ ।

ਉਹ ਰੋਟੀ ਲੈ ਕੇ ਨਿੱਕੀ ਭੈਣ ਕੋਲ ਪਹੁੰਚੀ । ਨਿੱਕੀ ਭੈਣ ਨੇ ਰੋਟੀ ਦੇਖ ਕੇ ਕਿਹਾ, "ਮੈਨੂੰ ਬਹੁਤ ਭੁੱਖ ਲੱਗੀ ਹੈ । ਸਾਰੀ ਰੋਟੀ ਮੈਂ ਖਾਣੀ ਹੈ ।" ਵੱਡੀ ਨੇ ਕਿਹਾ, "ਰੋਟੀ ਮੈਨੂੰ ਲੱਭੀ ਹੈ, ਅੱਧੀ ਮੈਂ ਖਾਵਾਂਗੀ ।" ਦੋਵੇਂ ਝਗੜਨ ਲੱਗੀਆਂ ।

ਇੱਕ ਬਾਂਦਰ ਉਥੋਂ ਲੰਘ ਰਿਹਾ ਸੀ । ਬਿੱਲੀਆਂ ਨੂੰ ਝਗੜਦਿਆਂ ਵੇਖ ਕੇ ਉਨ੍ਹਾਂ ਕੋਲ ਆਇਆ ਅਤੇ ਉਨ੍ਹਾਂ ਦੀ ਲੜਾਈ ਦਾ ਕਾਰਨ ਪੁੱਛਿਆ । ਉਨ੍ਹਾਂ ਦੀ ਰੋਟੀ ਆਪਣੇ ਹੱਥ ਵਿੱਚ ਫੜ ਕੇ ਕਹਿਣ ਲੱਗਾ, " ਮੈਂ ਤੁਹਾਡਾ ਫ਼ੈਸਲਾ ਕਰ ਦਿੰਦਾ ਹਾਂ । ਮੇਰੇ ਪਾਸ ਤੱਕੜੀ (scale) ਹੈ । ਦੋਹਾਂ ਭੈਣਾਂ ਲਈ ਰੋਟੀ ਅੱਧੀ ਅੱਧੀ ਕਰ ਦਿੰਦਾ ਹਾਂ ।"

ਬਾਂਦਰ ਨੇ ਰੋਟੀ ਦੇ ਦੋ ਟੁਕੜੇ ਕਰ ਕੇ ਤੱਕੜੀ ਦੇ ਦੋ ਛਾਬਿਆਂ (pans) ਵਿੱਚ ਇੱਕ ਇੱਕ ਰੱਖ ਦਿੱਤਾ। ਇੱਕ ਟੁਕੜਾ ਵੱਡਾ ਸੀ । ਦੋਹਾਂ ਨੂੰ ਬਰਾਬਰ ਕਰਨ ਲਈ ਉਸਨੇ ਵੱਡੇ ਹਿੱਸੇ ਨਾਲੋਂ ਚੱਕ ਵੱਢ ਕੇ ਖਾ ਲਿਆ । ਹੁਣ ਦੂਸਰਾ ਹਿੱਸਾ ਵੱਡਾ ਹੋ ਗਿਆ । ਇਸ ਤਰ੍ਹਾਂ ਉਸਨੇ ਚੱਕ ਮਾਰ ਕੇ ਟੁਕੜੇ ਬਰਾਬਰ ਕਰਨ ਦੀ ਕੋਸ਼ਸ਼ ਕਰਦਿਆਂ ਕਰਦਿਆਂ ਅੱਧੀ ਤੋਂ ਵੱਧ ਰੋਟੀ ਖਾ ਲਈ । ਹੁਣ ਬਿੱਲੀਆਂ ਨੂੰ ਹੋਸ਼ ਆਈ ਕਿ ਇਹ ਕੀ ਹੋ ਰਿਹਾ ਹੈ ।

ਦੋਹਾਂ ਨੇ ਇਕੱਠਿਆਂ ਹੀ ਕਿਹਾ, "ਅਸੀਂ ਆਪੇ ਆਪਣੀ ਰੋਟੀ ਅੱਧੀ ਅੱਧੀ ਕਰ ਲਵਾਂਗੀਆਂ । ਸਾਨੂੰ ਸਾਡੀ ਰੋਟੀ ਵਾਪਸ ਕਰ ਦੇ ।" ਬਾਂਦਰ ਨੇ ਬਾਕੀ ਦੀ ਰੋਟੀ ਆਪਣੇ ਮੂੰਹ ਵਿੱਚ ਪਾ ਕੇ ਕਿਹਾ, "ਬਾਕੀ ਦੀ ? ਇਹ ਤਾਂ ਮੇਰੀ ਮਜ਼ੂਰੀ ਹੈ । ਮੈਂ ਤੋਲਦਾ ਤੋਲਦਾ ਥੱਕ ਗਿਆ ਹਾਂ ।"

ਇਸ ਤਰ੍ਹਾਂ ਬਾਂਦਰ ਸਾਰੀ ਰੋਟੀ ਖਾ ਗਿਆ ਅਤੇ ਬਿੱਲੀਆਂ ਵੇਖਦੀਆਂ ਹੀ ਰਹਿ ਗਈਆਂ ।

ਬਾਪੂ ਜੀ ਨੇ ਬੱਚਿਆਂ ਨੂੰ ਪਿਆਰ ਨਾਲ ਕਿਹਾ, "ਦੇਖੋ ਬੱਚਿਉ, ਜਿਹੜੇ ਬੱਚੇ ਲੜਦੇ ਰਹਿੰਦੇ ਹਨ, ਲੋਕੀਂ ਉਨ੍ਹਾਂ ਦੀ ਲੜਾਈ ਤੋਂ ਫ਼ਾਇਦਾ ਉਠਾਉਂਦੇ ਹਨ ਅਤੇ ਲੜਨ ਵਾਲੇ ਹਮੇਸ਼ਾਂ ਹੀ ਘਾਟੇ ਵਿੱਚ ਰਹਿੰਦੇ ਹਨ । ਸਾਨੂੰ ਆਪਣਾ ਝਗੜਾ ਆਪਸ ਵਿੱਚ ਹੀ ਨਬੇੜ ਕੇ, ਪਰਸਪਰ (mutual) ਪ੍ਰੇਮ ਨਾਲ ਰਹਿਣਾ ਚਾਹੀਦਾ ਹੈ ।"

21. What was the cause of Savita's parents' worry?

A. the love between their two daughters
B. the arguing between their two daughters
C. their daughters' lack of interest in their studies
D. their daughters' lack of interest in the household

22. With whom did Bapu ji often go for a walk?

A. with friends
B. with Bebe ji
C. with Mom and Dad
D. with Savita and Jasmine

23. How many kittens did the cat have?

A. one
B. two
C. three
D. four

24. Whom did the kittens wish to visit?

A. their dad's sister
B. their mom's sister
C. their paternal grandmother
D. their maternal grandmother

25. Why did the two kittens stop on the way?

A. They were tired.
B. They smelled roti.
C. They were afraid of the men.
D. They were afraid of the animals.

26. What were the two kittens arguing about?

A. which way to go
B. which way to return
C. where and how to get food
D. how much roti each kitten would get

27. How did the monkey attempt to make the two parts of the roti equal?

A. with a scale
B. with a knife
C. by using his hands
D. by biting and eating

28. When did the kittens realize the monkey did not mean well?

A. when he talked to them
B. when he ate half of the roti
C. when he ate more than half of the roti
D. when he placed the two halves of the roti on the scale

29. How did the monkey fool the kittens?

A. by eating all of the roti
B. by eating one half of the roti
C. by eating a quarter of the roti
D. by eating one third of the roti

30. According to the story, what is the disadvantage of a family quarrel?

A. Family members stop communicating.
B. Outsiders take advantage of the situation.
C. Older family members take advantage of the situation.
D. Younger family members take advantage of the situation.

**Value: 10 marks** **Suggested Time: 20 minutes**

**INSTRUCTIONS:** Read the following drama carefully. For questions 31 to 40, select the **best** answer and record your choice on the **Answer Sheet** provided.

## ਈਸਟਰ ਦੀਆਂ ਛੁੱਟੀਆਂ

**(ਰਮਣੀਕ ਅਤੇ ਰਾਜੂ ਕੌਫ਼ੀ ਸ਼ਾਪ ਵਿੱਚ ਬੈਠੇ ਗੱਪ ਸ਼ੱਪ ਮਾਰ ਰਹੇ ਹਨ। ਜੌਰਜ ਅਤੇ ਡੌਲੀ ਵੀ ਆਪਣੀ ਸਾਈਕੌਲੋਜੀ ਦੀ ਕਲਾਸ ਖਤਮ ਹੋਣ ਤੇ ਉਨ੍ਹਾਂ ਕੋਲ ਆ ਕੇ ਬੈਠ ਜਾਂਦੇ ਹਨ।)**

ਜੌਰਜ : ਚਲੋ, ਈਸਟਰ ਦੀਆਂ ਛੁੱਟੀਆਂ ਵਿੱਚ ਵਿਸਲਰ ਚਲੀਏ। ਸਨੋ ਬੋਰਡਿੰਗ ਲਈ ਮੌਸਮ ਵੀ ਚੰਗਾ ਹੈ।

ਰਮਣੀਕ : ਖ਼ਿਆਲ ਤਾਂ ਚੰਗਾ ਹੈ ਪਰ ਛੁੱਟੀਆਂ ਵਿੱਚ ਹੋਟਲ ਬਹੁਤ ਮਹਿੰਗੇ ਹੁੰਦੇ ਹਨ ਅਤੇ ਮਿਲਦੇ ਵੀ ਬਹੁਤ ਘੱਟ ਹੀ ਹਨ।

ਜੌਰਜ : ਮੇਰੇ ਚਾਚਾ ਜੀ ਦਾ ਹੋਟਲ ਹੈ ਵਿਸਲਰ ਤੋਂ ਦੋ ਕਿਲੋਮੀਟਰ ਬਾਹਰ। ਰੇਟ ਵੀ ਵਾਜਬੀ ਹਨ ਅਤੇ ਚਾਚਾ ਜੀ ਹੋਰ ਡਿਸਕਾਉਂਟ ਵੀ ਦੇ ਦੇਣਗੇ।

ਡੌਲੀ : ਬਈ, ਮੇਰੇ ਮਾਪਿਆਂ ਨੇ ਤਾਂ ਇਜਾਜ਼ਤ ਨਹੀਂ ਦੇਣੀ ਘਰੋਂ ਬਾਹਰ ਰਹਿਣ ਦੀ।

ਜੌਰਜ : ਇਹ ਕੀ ਗੱਲ ਹੋਈ ਭਲਾ!

ਡੌਲੀ : ਤੁਹਾਨੂੰ ਪਤਾ ਹੀ ਹੈ ਮੇਰੇ ਪਿਤਾ ਜੀ ਦਾ। ਪਰ ਮੇਰੇ ਕਾਰਨ ਤੁਸੀਂ ਆਪਣੀ ਪਲੈਨ ਨਾ ਬਦਲੋ।

ਰਮਣੀਕ : ਨਹੀਂ ਭਈ, ਇਸ ਤਰ੍ਹਾਂ ਤਾਂ ਮਜ਼ਾ ਨਹੀਂ ਆਉਣਾ! ਚਲੋ ਦੇਖੀਏ, ਸ਼ਹਿਰ ਵਿੱਚ ਕੀ ਹੋ ਰਿਹਾ ਹੈ ਇਨ੍ਹਾਂ ਛੁੱਟੀਆਂ ਵਿੱਚ।

ਜੌਰਜ : ਰਾਜਾ ਅਤੇ ਪਿੱਟ ਮੈਡੋਜ਼ ਥੀਏਟਰ ਵਿੱਚ ਨਵੀਂ ਹਿੰਦੀ ਫ਼ਿਲਮ ਰੀਲੀਜ਼ ਹੋ ਰਹੀ ਹੈ।

ਰਮਣੀਕ : ਮੈਂ ਹਿੰਦੀ ਫ਼ਿਲਮਾਂ ਪਸੰਦ ਨਹੀਂ ਕਰਦਾ।

ਰਾਜੂ : ਇੰਡੀਆ ਤੋਂ ਇੱਕ ਕਲਚਰਲ ਗਰੁੱਪ ਆ ਰਿਹਾ ਹੈ ਐਤਵਾਰ ਨੂੰ। ਉਹ ਸੈਂਟਰਲ ਥੀਏਟਰ ਵਿੱਚ ਸ਼ੋਅ ਕਰ ਰਹੇ ਹਨ।

ਡੌਲੀ : ਇਹ ਠੀਕ ਹੈ। ਭਲਾ ਟਿਕਟ ਕਿੰਨੀ ਹੈ ਇਸ ਪ੍ਰੋਗਰਾਮ ਦੀ?

ਰਾਜੂ : ਪੱਚੀ ਡਾਲਰ ਤੋਂ ਲੈ ਕੇ ਸੌ ਡਾਲਰ ਤਕ। ਦੱਸੋ ਕਿਹੜੀ ਲੈਣੀ ਹੈ ਮੈਂ ਕੱਲ੍ਹ ਮਨਸੂਰ ਵੀਡੀਓ ਸਟੋਰ ਤੋਂ ਲੈ ਲਵਾਂਗਾ।

ਡੌਲੀ : ਪੱਚੀ ਡਾਲਰ ਵਿੱਚ ਤਾਂ ਸਭ ਤੋਂ ਪਿੱਛੇ ਸੀਟ ਮਿਲੇਗੀ। ਨਾ ਤਾਂ ਸ਼ਕਲਾਂ ਦਿਸਣਗੀਆਂ ਅਤੇ ਨਾ ਹੀ ਅਵਾਜ਼ ਸੁਣਾਈ ਦੇਵੇਗੀ। ਸੌ ਡਾਲਰ ਦੀ ਬਹੁਤ ਮਹਿੰਗੀ ਹੈ। ਮੇਰੇ ਖ਼ਿਆਲ ਵਿੱਚ ਪੰਜਾਹ ਡਾਲਰ ਵਾਲੀਆਂ ਠੀਕ ਰਹਿਣਗੀਆਂ।

ਜੌਰਜ : ਮੈਂ ਉਸ ਥੀਏਟਰ ਵਿੱਚ ਗਿਆ ਹੋਇਆ ਹਾਂ। ਸ਼ਕਲਾਂ ਅਤੇ ਅਵਾਜ਼ ਤਾਂ ਠੀਕ ਹੀ ਹਨ ਪਰ ਸਾਡੇ ਦੋਸਤ ਜਿਊਣ ਨਹੀਂ ਦੇਣਗੇ ਜੇ ਉਨ੍ਹਾਂ ਨੇ ਸਾਨੂੰ ਸਸਤੀਆਂ ਸੀਟਾਂ ਵਿੱਚ ਬੈਠਿਆਂ ਦੇਖ ਲਿਆ।

ਰਾਜੂ : ਮੈਨੂੰ ਤਾਂ ਦੋ ਕੁ ਦਿਨ ਬਾਇਔਲੋਜੀ ਦਾ ਪ੍ਰੋਜੈਕਟ ਕਰਨ ਲਈ ਵੀ ਚਾਹੀਦੇ ਹਨ।

ਜੌਰਜ : ਮੈਂ ਵੀ ਜੌਗਰਫ਼ੀ ਦੇ ਟੀਚਰ ਕੋਲੋਂ ਵਾਧੂ ਸਮਾਂ ਲਿਆ ਹੈ ਟੈਸਟ ਦੀ ਤਿਆਰੀ ਕਰਨ ਲਈ।

ਰਮਣੀਕ : ਚਲੋ, ਮੈਂ ਤੇ ਡੌਲੀ ਸਨਸ਼ਾਈਨ ਸੈਂਟਰ ਵਿੱਚ ਈਸਟਰ ਡਿਨਰ ਲਈ ਵਲੰਟੀਅਰ ਕਰਨ ਦੀ ਡਿਊਟੀ ਲੈ ਲੈਂਦੇ ਹਾਂ। 'ਨਾਲੇ ਪੁੰਨ ਤੇ ਨਾਲੇ ਫ਼ਲੀਆਂ' ਸਾਡਾ ਸਮਾਂ ਵੀ ਬੀਤ ਜਾਏਗਾ, ਅਤੇ ਲੋੜਵੰਦਾਂ ਦੀ ਮਦਦ ਵੀ ਹੋ ਜਾਏਗੀ।

ਰਾਜੂ : ਬਈ ਛੁੱਟੀਆਂ ਵਿੱਚ ਇੱਕ ਦਿਨ ਤਾਂ ਇਕੱਠੇ ਹੋਣਾ ਹੀ ਹੈ। ਚਲੋ, ਮੈਂ ਟਿਕਟਾਂ ਲੈ ਆਵਾਂਗਾ ਅਤੇ ਕੱਲ੍ਹ ਸ਼ਾਮ ਨੂੰ ਸੈਂਟਰਲ ਥੀਏਟਰ ਤੇ ਪੰਜ ਵਜੇ ਮਿਲਾਂਗੇ। ਵਕਤ ਸਿਰ ਆ ਜਾਣਾ। ਸ਼ੋਅ ਛੇ ਵਜੇ ਸ਼ੁਰੂ ਹੋਣਾ ਹੈ ਪਰ ਭੀੜ ਬਹੁਤ ਹੋ ਜਾਂਦੀ ਹੈ ਅਤੇ ਪਾਰਕਿੰਗ ਨਹੀਂ ਮਿਲਦੀ। ਜੇ ਵਕਤ ਮਿਲਿਆ ਤਾਂ ਕੌਫ਼ੀ ਹਾਊਸ ਵਿੱਚ ਫੇਰ ਗੱਪ ਸ਼ੱਪ ਹੋ ਜਾਵੇਗੀ।

( ਜੌਰਜ, ਡੌਲੀ ਅਤੇ ਰਾਜੂ 'ਐਤਵਾਰ ਮਿਲਾਂਗੇ' ਕਹਿ ਕੇ ਆਪਣੀ ਕਾਰ ਵਿੱਚ ਬੈਠ ਜਾਂਦੇ ਹਨ। ਰਮਣੀਕ ਆਪਣੀ ਵੈਨ ਵਲ ਚਲਾ ਜਾਂਦਾ ਹੈ।)

31. ਇਸ ਵਾਰਤਾਲਾਪ ਲਈ ਵਿਦਿਆਰਥੀ ਕਿੱਥੇ ਇਕੱਠੇ ਹੋਏ ਹਨ ?

A. ਸਕੂਲ ਵਿੱਚ
B. ਥੀਏਟਰ ਵਿੱਚ
C. ਰੈਸਟੋਰੈਂਟ ਵਿੱਚ
D. ਕੌਫ਼ੀ ਸ਼ਾਪ ਵਿੱਚ

32. ਵਿਦਿਆਰਥੀਆਂ ਨੂੰ ਵਿਸਲਰ ਜਾਣ ਵਿੱਚ ਇੱਕ ਰੁਕਾਵਟ ਕੀ ਹੈ ?

A. ਮੌਸਮ ਚੰਗਾ ਨਹੀਂ ਹੈ ।
B. ਉਹ ਡਰਾਈਵ ਨਹੀਂ ਕਰ ਸਕਦੇ ।
C. ਸਕੂਲ ਦਾ ਬਹੁਤ ਕੰਮ ਕਰਨ ਵਾਲਾ ਹੈ ।
D. ਛੁੱਟੀਆਂ ਕਾਰਨ ਹੋਟਲ ਘੱਟ ਮਿਲਦੇ ਹਨ ।

33. ਹੋਟਲ ਦੇ ਕਮਰੇ ਘੱਟ ਰੇਟ ਤੇ ਕਿਵੇਂ ਮਿਲ ਸਕਦੇ ਹਨ ?

A. ਡੌਲੀ ਦੇ ਮਾਪੇ ਪੈਸੇ ਦੇ ਦੇਣਗੇ ।
B. ਜੌਰਜ ਦੇ ਪਿਤਾ ਜੀ ਦਾ ਹੋਟਲ ਹੈ ।
C. ਜੌਰਜ ਦੇ ਚਾਚਾ ਜੀ ਦਾ ਹੋਟਲ ਹੈ ।
D. ਰਾਜੂ ਦੇ ਪਿਤਾ ਜੀ ਦਾ ਉੱਥੇ ਹੋਟਲ ਹੈ ।

34. ਡੌਲੀ ਨੂੰ ਵਿਸਲਰ ਜਾਣ ਤੋਂ ਕਿਉਂ ਇਤਰਾਜ਼ ਹੈ ?

A. ਉਹ ਡਰਾਈਵ ਨਹੀਂ ਕਰਦੀ ।
B. ਉਸਦੇ ਮਾਪੇ ਇਜਾਜ਼ਤ ਨਹੀਂ ਦੇਣਗੇ ।
C. ਉਸਨੇ ਜੌਗਰਫ਼ੀ ਦਾ ਪ੍ਰੋਜੈਕਟ ਕਰਨਾ ਹੈ ।
D. ਉਸਨੇ ਸੈਂਟਰ ਵਿੱਚ ਵਲੰਟੀਅਰ ਕਰਨਾ ਹੈ ।

35. ਕਲਚਰਲ ਪ੍ਰੋਗਰਾਮ ਕਿੱਥੇ ਅਤੇ ਕਦੋਂ ਹੋ ਰਿਹਾ ਹੈ ?

A. ਰਾਜਾ ਸਿਨੇਮਾ ਵਿੱਚ ਸ਼ਾਮ ਦੇ ਪੰਜ ਵਜੇ
B. ਸੈਂਟਰਲ ਥੀਏਟਰ ਵਿੱਚ ਸ਼ਾਮ ਦੇ ਪੰਜ ਵਜੇ
C. ਸੈਂਟਰਲ ਥੀਏਟਰ ਵਿੱਚ ਸ਼ਾਮ ਦੇ ਛੇ ਵਜੇ
D. ਪਿੱਟ ਮੈਡੋਜ਼ ਥੀਏਟਰ ਵਿੱਚ ਰਾਤ ਦੇ ਨੌਂ ਵਜੇ

36. ਸ਼ੋਅ ਦੀਆਂ ਸਭ ਤੋਂ ਸਸਤੀਆਂ ਟਿਕਟਾਂ ਕਿੰਨੇ ਦੀਆਂ ਹਨ ?

A. ਦਸ ਡਾਲਰ ਦੀਆਂ
B. ਪੱਚੀ ਡਾਲਰ ਦੀਆਂ
C. ਪੰਜਾਹ ਡਾਲਰ ਦੀਆਂ
D. ਇੱਕ ਸੌ ਡਾਲਰ ਦੀਆਂ

37. ਇਹਨਾਂ ਵਿਦਿਆਰਥੀਆਂ ਨੇ ਸਭ ਤੋਂ ਸੱਸਤੀਆਂ ਟਿਕਟਾਂ ਕਿਉਂ ਨਹੀਂ ਖਰੀਦਣੀਆਂ ?

A. ਪਿਛਲੀਆਂ ਸੀਟਾਂ ਤੇ ਬਹੁਤ ਠੰਡ ਹੁੰਦੀ ਹੈ।
B. ਸੀਟ ਅੱਗੇ ਹੋਣ ਕਰਕੇ ਅਵਾਜ਼ ਸਾਫ਼ ਨਹੀਂ ਸੁਣਦੀ।
C. ਸੀਟ ਪਿੱਛੇ ਹੋਣ ਕਰਕੇ ਅਵਾਜ਼ ਨਹੀਂ ਸਾਫ਼ ਸੁਣਦੀ।
D. ਆਪਣੇ ਦੋਸਤਾਂ ਦੇ ਮਖੌਲ ਉਡਾਉਣ ਤੋਂ ਡਰਦੇ ਹਨ।

38. ਰਾਜੂ ਨੇ ਕਿਸ ਵਿਸ਼ੇ ਦਾ ਪ੍ਰੋਜੈਕਟ ਕਰਨਾ ਹੈ ?

A. ਜੌਗਰਫ਼ੀ
B. ਸਾਈਕੌਲੋਜੀ
C. ਬਾਇਔਲੋਜੀ
D. ਐਸਟਰੌਲੋਜੀ

39. ਡੌਲੀ ਦਾ ‘ਨਾਲੇ ਪੁੰਨ ਨਾਲੇ ਫ਼ਲੀਆਂ’ ਕਹਿਣ ਤੋਂ ਕੀ ਭਾਵ ਹੈ ?

A. ਕੁਝ ਪੈਸੇ ਮਿਲ ਜਾਣਗੇ ਅਤੇ ਸਕੂਲ ਦਾ ਪ੍ਰੋਜੈਕਟ ਹੋ ਜਾਵੇਗਾ
B. ਖਾਣਾ ਮੁਫ਼ਤ ਮਿਲੇਗਾ ਨਾਲੇ ਵਿਸਲਰ ਜਾਣ ਦਾ ਮੌਕਾ ਮਿਲੇਗਾ
C. ਕਿਸੇ ਦਾ ਭਲਾ ਹੋ ਜਾਵੇਗਾ ਅਤੇ ਵਕਤ ਵੀ ਸੋਹਣਾ ਲੰਘ ਜਾਵੇਗਾ
D. ਰੁੱਝ (busy) ਜਾਣਗੇ ਅਤੇ ਦੋਸਤਾਂ ਨਾਲ ਸਮਾਂ ਵੀ ਬਤੀਤ ਹੋ ਜਾਵੇਗਾ

40. ਇਹ ਵਿਦਿਆਰਥੀ ਸ਼ੋਅ ਤੋਂ ਪਹਿਲਾਂ ਕਿਉਂ ਮਿਲਣਾ ਚਾਹੁੰਦੇ ਹਨ ?

A. ਸੀਟਾਂ ਚੰਗੀਆਂ ਮਿਲਣਗੀਆਂ
B. ਪਾਰਕਿੰਗ ਚੰਗੀ ਮਿਲ ਜਾਵੇਗੀ
C. ਇਕੱਠੇ ਸੈਰ ਕਰਨ ਜਾ ਸਕਣਗੇ
D. ਸ਼ੋਅ ਦੇ ਮੈਂਬਰਾਂ ਨੂੰ ਮਿਲ ਸਕਣਗੇ

## SECTION 4: JOURNALISTIC PROSE

**Value: 8 marks** **Suggested Time: 15 minutes**

**INSTRUCTIONS:** Read the following article carefully. For questions 41 to 48, select the **best** answer and record your choice on the **Answer Sheet** provided.

ਵਰਨਨ, ਬੀ.ਸੀ.— ਰੋਇਲ ਕੈਨੇਡੀਅਨ ਮਾਊਂਟਿਡ ਪੁਲੀਸ (ਆਰ.ਸੀ.ਐਮ.ਪੀ.) ਨੇ ਫਿਰ ਨੌਜਵਾਨਾਂ ਦੇ ਇੱਕ ਕਾਮਯਾਬ ਕੈਡਿਟ ਸਿਖਲਾਈ ਕੈਂਪ ਦਾ ਸਿਹਰਾ ਆਪਣੇ ਸਿਰ ਲਿਆ ਹੈ । ਇਹਨਾਂ ਚਾਰ ਹਫ਼ਤਿਆਂ ਦੀ ਸਿਖਲਾਈ ਵਿੱਚ ਚੌਵੀ ਉਮੀਦਵਾਰਾਂ ਨੂੰ ਆਰ.ਸੀ.ਐਮ.ਪੀ.ਦੇ ਕੰਮ ਦੀ ਹਕੀਕਤ ਬਾਰੇ ਅਹਿਸਾਸ ਕਰਵਾਇਆ ਗਿਆ ।

ਕਾਮਯਾਬ ਕੈਡਿਟ ਮਾਈਕ ਰੀਸ, ਜੋ ਕਿ ਵੈਨਕੂਵਰ ਦਾ ਰਹਿਣ ਵਾਲਾ ਹੈ, ਨੇ ਦੱਸਿਆ ਕਿ ਕਾਮਯਾਬ ਉਮੀਦਵਾਰਾਂ ਦੀ ਚੋਣ ਲਈ ਪਹਿਲਾਂ ਉਨ੍ਹਾਂ ਦੇ ਇਸ ਕਿੱਤੇ ਵਿੱਚ ਦਿਲਚਪਸੀ ਦੇਖੀ ਜਾਂਦੀ ਹੈ ਅਤੇ ਵਿਸਤ੍ਰਿਤ (detailed) ਇਮਤਿਹਾਨ ਲਿਆ ਜਾਂਦਾ ਹੈ । ਫ਼ਿਰ ਉਨ੍ਹਾਂ ਅਤੇ ਉਨ੍ਹਾਂ ਦੇ ਮਾਪਿਆਂ ਨਾਲ ਇੱਕ ਖੋਜ ਭਰੀ ਇੰਟਰਵਿਊ ਤੋਂ ਬਾਅਦ ਸਕਿਉਰਿਟੀ ਚੈਕ ਵੀ ਕੀਤਾ ਜਾਂਦਾ ਹੈ । ਰੀਸ ਨੇ ਦੱਸਿਆ ਕਿ ਇਸ ਸਾਲ ਕੈਨੇਡਾ ਦੇ ਵੱਖ-ਵੱਖ ਸੂਬਿਆਂ ਤੋਂ ਕੁੱਲ ਢਾਈ ਸੌ ਉਮੀਦਵਾਰ ਸਨ । ਇਹ ਉਮੀਦਵਾਰ ਸੋਲ੍ਹਾਂ ਸਾਲਾਂ ਤੋਂ ਲੈ ਕੇ ਉੱਨੀ ਸਾਲਾਂ ਦੀ ਉਮਰ ਦੇ ਸਨ । ਇਹ ਉਮੀਦਵਾਰ ਵਖੋ ਵੱਖ ਸਭਿਆਚਾਰਾਂ, ਧਰਮਾਂ, ਅਤੇ ਅਨੁਭਵਾਂ (experiences) ਵਾਲੇ ਸਨ । ਇਨ੍ਹਾਂ ਵਿਚੋਂ ਪੰਦਰਾਂ ਲੜਕੇ ਅਤੇ ਨੌਂ ਲੜਕੀਆਂ ਕਾਮਯਾਬ ਹੋਈਆਂ ।

ਸਿਖਲਾਈ ਵੇਲੇ ਕੈਡਿਟਾਂ ਨੂੰ ਇੱਕੋ ਜਿਹੇ ਯੂਨੀਫਾਰਮ ਪਾਉਣੇ ਪੈਂਦੇ ਸਨ । ਉਨ੍ਹਾਂ ਨੂੰ ਸਵੇਰੇ ਸਾਢੇ ਪੰਜ ਵਜੇ ਜਾਗਣਾ ਪੈਂਦਾ ਸੀ ਅਤੇ ਉਸੇ ਵੇਲੇ ਆਪਣਾ ਮੰਜਾ ਤਿਆਰ ਕਰ, ਯੂਨੀਫਾਰਮ ਇਸਤ੍ਰੀ (iron) ਕਰਨੀ ਪੈਂਦੀ ਸੀ । ਨਾਸ਼ਤੇ ਤੋਂ ਪਹਿਲਾਂ ਹਰ ਰੋਜ਼ ਆਪਣੇ ਕਮਰੇ ਦੀ ਸਫ਼ਾਈ ਕਰਨੀ ਵੀ ਲਾਜ਼ਮੀ ਸੀ । ਨਾਸ਼ਤੇ ਤੋਂ ਬਾਅਦ ਗਰਾਉਂਡ ਸਾਫ਼ ਕਰਨੀ, ਕਪੜੇ ਧੋਣੇ, ਜਾਂ ਰਸੋਈ ਦਾ ਕੰਮ ਕਰਨਾ ਪੈਂਦਾ ਸੀ ।

ਸਿਖਲਾਈ ਦੀ ਪਹਿਲੀ ਕਲਾਸ ਸਾਢੇ ਸੱਤ ਵਜੇ ਸ਼ੁਰੂ ਹੁੰਦੀ ਸੀ ਅਤੇ ਆਖ਼ਰੀ ਕਲਾਸ ਸਾਢੇ ਚਾਰ ਵਜੇ ਖਤਮ ਹੁੰਦੀ ਸੀ । ਇਸ ਤੋਂ ਬਾਅਦ ਪੜ੍ਹਾਈ ਅਤੇ ਕਸਰਤ ਕਰਨੀ ਲਾਜ਼ਮੀ ਸੀ। ਨੌਂ ਵਜੇ ਬਿਸਤਰੇ ਵਿੱਚ ਅਤੇ ਸਾਢੇ ਨੌਂ ਵਜੇ ਬੱਤੀ ਬੁਝਾ ਦਿੱਤੀ ਜਾਂਦੀ ਸੀ । ਐਤਵਾਰ ਨੂੰ ਸਵੇਰੇ ਚਰਚ ਸਰਵਿਸ ਵੀ ਜ਼ਰੂਰੀ ਅਟੈਂਡ ਕਰਨੀ ਪੈਂਦੀ ਸੀ ।

"ਇਹ ਦਿਨ ਮੇਰੇ ਲਈ ਬੜੀ ਖੁਸ਼ੀ ਵਾਲਾ ਦਿਨ ਸੀ," ਰੀਸ ਨੇ ਕੌਫ਼ੀ ਪੀਂਦਿਆਂ ਕਿਹਾ ।

"ਇਹ ਸਿਖਲਾਈ ਬਹੁਤ ਹੀ ਅਨੁਸਾਸ਼ਨ (discipline) ਭਰਪੂਰ ਸੀ । ਮੈਨੂੰ ਪੁਲੀਸ ਦੇ ਕੰਮ ਦੀਆਂ ਮੁਸ਼ਕਿਲਾਂ ਦਾ ਅਹਿਸਾਸ ਹੋਇਆ ਅਤੇ ਮੈਨੂੰ ਮਾਣ ਹੈ ਕਿ ਮੈਂ ਇਸ ਪ੍ਰੋਗਰਾਮ ਵਿੱਚ ਕਾਮਯਾਬੀ ਹਾਸਲ ਕੀਤੀ ਹੈ ।"

ਇਸ ਸਾਲ ਚੌਵੀ ਕੈਡਿਟਾਂ ਵਿੱਚੋਂ ਇੱਕੀਆਂ ਨੇ ਪੁਲੀਸ ਦੀ ਨੌਕਰੀ ਕਰਨ ਦਾ ਫ਼ੈਸਲਾ ਕੀਤਾ ਹੈ ।

41. ਆਰ.ਸੀ.ਐਮ.ਪੀ.ਕੈਡਿਟਸ ਦੀ ਸਿਖਲਾਈ ਦਾ ਪ੍ਰੋਗਰਾਮ ਕਿੰਨਿਆਂ ਹਫ਼ਤਿਆਂ ਦਾ ਸੀ ?

A. ਚਾਰ ਹਫ਼ਤਿਆਂ ਦਾ
B. ਸੋਲਾਂ ਹਫ਼ਤਿਆਂ ਦਾ
C. ਉੱਨੀ ਹਫ਼ਤਿਆਂ ਦਾ
D. ਚੌਵੀ ਹਫ਼ਤਿਆਂ ਦਾ

42. ਕੈਡਿਟ ਮਾਈਕ ਰੀਸ ਕਿੱਥੋਂ ਦਾ ਰਹਿਣ ਵਾਲਾ ਹੈ ?

A. ਕਿਲੋਨਾ ਦਾ
B. ਵਰਨਨ ਦਾ
C. ਵੈਨਕੂਵਰ ਦਾ
D. ਲੰਡਨ, ਓਨਟੈਰੀਓ ਦਾ

43. ਚੁਣੇ ਜਾਣ ਤੋਂ ਪਹਿਲਾਂ ਉਮੀਦਵਾਰਾਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਕੀ ਕੀ ਕਰਨਾ ਪਿਆ ?

A. ਇਮਤਿਹਾਨ ਲਿਖਣਾ ਅਤੇ ਇੰਟਰਵਿਊ ਦੇਣੀ
B. ਇੰਟਰਵਿਊ ਦੇਣੀ ਅਤੇ ਐਪਲੀਕੇਸ਼ਨ ਲਿਖਣੀ
C. ਇੰਟਰਵਿਊ ਦੇਣੀ ਅਤੇ ਸਕਿਉਰਿਟੀ ਚੈਕ ਕਰਵਾਉਣੀ
D. ਇਮਤਿਹਾਨ ਲਿਖਣਾ ਅਤੇ ਸਕਿਉਰਿਟੀ ਚੈਕ ਕਰਵਾਉਣੀ

44. ਉਮੀਦਵਾਰ ਨੌਜਵਾਨ ਕਿੱਥੋਂ ਕਿੱਥੋਂ ਆਏ ਸਨ ?

A. ਬੀ.ਸੀ. ਦੇ ਸਾਰੇ ਇਲਾਕਿਆਂ ਵਿੱਚੋਂ
B. ਕੈਨੇਡਾ ਦੇ ਵੱਖ ਵੱਖ ਸੂਬਿਆਂ ਵਿੱਚੋਂ
C. ਵਰਨਨ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚੋਂ
D. ਵੈਨਕੂਵਰ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚੋਂ

45. ਕੈਡਿਟ ਯੂਨੀਫਾਰਮ ਇਸਤ੍ਰੀ ਕਦੋਂ ਕਰ ਸਕਦੇ ਸਨ ?

A. ਨਾਸ਼ਤੇ ਤੋਂ ਬਾਅਦ
B. ਕਮਰੇ ਦੀ ਸਫ਼ਾਈ ਤੋਂ ਬਾਅਦ
C. ਸਵੇਰੇ ਮੰਜੇ ਸਵਾਰਨ ਤੋਂ ਪਹਿਲਾਂ
D. ਸਵੇਰੇ ਮੰਜੇ ਸਵਾਰਨ ਤੋਂ ਬਾਅਦ

46. ਕੈਡਿਟ ਕਸਰਤ ਕਦੋਂ ਕਰ ਸਕਦੇ ਸਨ ?

A. ਸਵੇਰ ਦੇ 5:30 ਤੋਂ 7:30 ਵਜੇ ਦਰਮਿਆਨ
B. ਸਵੇਰ ਦੇ 7:30 ਤੋਂ 4:30 ਵਜੇ ਦਰਮਿਆਨ
C. ਸ਼ਾਮ ਦੇ 4:30 ਤੋਂ 9:00 ਵਜੇ ਦਰਮਿਆਨ
D. ਰਾਤ ਦੇ 9:00 ਤੋਂ 9:30 ਵਜੇ ਦਰਮਿਆਨ

47. ਕੈਡਿਟ ਮਾਈਕ ਰੀਸ ਨੂੰ ਕਿਸ ਗੱਲ ਦਾ ਸਭ ਤੋਂ ਵਧੇਰਾ ਮਾਣ ਹੈ ?

A. ਉਸ ਨੂੰ ਨੌਕਰੀ ਮਿਲ ਗਈ ਹੈ ।
B. ਉਸ ਨੂੰ ਅਨੁਸਾਸ਼ਨ ਮਿਲਿਆ ਹੈ ।
C. ਉਸ ਨੂੰ ਯੂਨੀਫਾਰਮ ਮਿਲਿਆ ਹੈ ।
D. ਉਹ ਪ੍ਰੋਗਰਾਮ ਵਿੱਚ ਸਫ਼ਲ ਹੋਇਆ ਹੈ ।

48. ਇਸ ਸਾਲ ਦੇ ਸਫ਼ਲ ਉਮੀਦਵਾਰਾਂ ਵਿਚੋਂ ਕਿੰਨਿਆਂ ਨੇ ਆਰ.ਸੀ.ਐਮ.ਪੀ. ਨਾਲ ਨੌਕਰੀ ਕਰਨੀ ਹੈ ?

A. ਵੀਹ ਉਮੀਦਵਾਰਾਂ ਨੇ
B. ਇੱਕੀ ਉਮੀਦਵਾਰਾਂ ਨੇ
C. ਚੌਵੀ ਉਮੀਦਵਾਰਾਂ ਨੇ
D. ਉਨੱਤੀ ਉਮੀਦਵਾਰਾਂ ਨੇ

**Value: 6 marks** **Suggested Time: 10 minutes**

**INSTRUCTIONS:** Read the following information carefully. For questions 49 to 54, select the **best** answer and record your choice on the **Answer Sheet** provided.

# ਮਿਲਾਪ ਮੈਟਰੀਮੋਨੀਅਲ ਸਰਵਿਸਿਜ਼

ਵਿਆਹ ਸਬੰਧੀ, ਜੀਵਨ ਸਾਥੀ ਦੀ ਖੋਜ ਹੋਵੇ ਤਾਂ ਸਾਨੂੰ ਸੇਵਾ ਲਈ ਮੌਕਾ ਦਿਓ ।
ਅਸੀਂ ਹਰ ਹਫ਼ਤੇ ਦੋ ਵਾਰ ਇੰਟਰਨੈਟ ਅਤੇ ਅਖ਼ਬਾਰਾਂ ਵਿੱਚ ਇਸ਼ਤਿਹਾਰ ਪਾਵਾਂਗੇ ।



ਤੁਸੀਂ ਸਾਨੂੰ ਸਿਰਫ਼ ਇੰਨਾ ਦੱਸੋ ਕਿ ਤੁਹਾਨੂੰ ਕਿਸ ਤਰ੍ਹਾਂ ਦੇ ਜੀਵਨ ਸਾਥੀ ਦੀ ਤਲਾਸ਼ ਹੈ (ਉਸਦੀ ਉਮਰ, ਪੜ੍ਹਾਈ-ਲਿਖਾਈ, ਰੁਜ਼ਗਾਰ, ਆਦਿ) ਅਤੇ ਬਾਕੀ ਸਾਰਾ ਕੰਮ ਤੁਹਾਡੇ ਲਈ ਅਸੀਂ ਕਰਾਂਗੇ ।

ਹਰ ਹਫ਼ਤੇ ਅਸੀਂ ਤੁਹਾਨੂੰ ਤਿੰਨ ਵਾਰ ਈ-ਮੇਲ ਜਾਂ ਫ਼ੋਨ ਰਾਹੀਂ ਤੁਹਾਡੇ ਲਈ ਕੀਤੀ ਖੋਜ ਬਾਰੇ ਜਾਣਕਾਰੀ ਦੇਵਾਂਗੇ ।

## ਕੀਮਤਾਂ ਦੀ ਜਾਣਕਾਰੀ :

| ਸਮਾਂ | 25 ਸ਼ਬਦ ਜਾਂ ਘੱਟ | 26-50 ਸ਼ਬਦ |
|---|---|---|
| ਇੱਕ ਮਹੀਨਾ | $ 75 | $ 90 |
| ਦੋ ਮਹੀਨੇ | $ 125 | $ 140 |
| ਤਿੰਨ ਮਹੀਨੇ | $ 200 | $ 220 |
| ਛੇ ਮਹੀਨੇ | $ 400 | $ 425 |

*( ਇਸ ਤੋਂ ਵੱਧ ਸ਼ਬਦ $1 ਪ੍ਰਤੀ ਸ਼ਬਦ )*

ਸਾਡਾ ਦਾਹਵਾ ਹੈ ਕਿ ਅਸੀਂ ਤੁਹਾਡਾ ਤੁਹਾਡੇ ਸਾਥੀ ਨਾਲ ਛੇ ਮਹੀਨਿਆਂ ਦੇ ਵਿੱਚ ਮਿਲਾਪ ਕਰਵਾ ਦੇਵਾਂਗੇ ।
ਜੇਕਰ ਇਹ ਨਾ ਕਰ ਸਕੇ ਤਾਂ ਤੁਹਾਨੂੰ ਅੱਧੀ ਦਿੱਤੀ ਫ਼ੀਸ ਵਾਪਸ ਕੀਤੀ ਜਾਵੇਗੀ ।

ਹੋਰ ਜਾਣਕਾਰੀ ਲਈ ਸਾਨੂੰ ਫ਼ੋਨ ਕਰੋ ਜਾਂ ਈ-ਮੇਲ ਭੇਜੋ :

| ਪ੍ਰੇਮ ਜਾਂ ਪ੍ਰੀਤ ਲਾਲ | ਪਿਆਰਾ ਸਿੰਘ |
|---|---|
| #604-555-1234 | #604-325-4321 |
| 2285 ਮਿਲ ਰੋਡ, ਸਰੀ, ਬੀ.ਸੀ. | 1426 ਰਿਵਰ ਰੋਡ, ਰਿਚਮੰਡ, ਬੀ.ਸੀ. |

**prempreet@milapmatrimonials.com**

ਜੇ ਤੁਸੀਂ ਆਪਣਾ ਕੌਨਟ੍ਰੈਕਟ ਪਹਿਲਾਂ ਤੋੜਨਾ ਚਾਹੁੰਦੇ ਹੋ ਤਾਂ ਤੁਹਾਨੂੰ ਕੋਈ ਪੈਸਾ ਵਾਪਸ ਨਹੀਂ ਮਿਲੇਗਾ ।

49. How many times a week will this business publish your advertisement?

A. once a week
B. twice a week
C. three times a week
D. four times a week

50. What information does this business request from you?

A. your age
B. your education
C. your occupation
D. what type of marriage partner you want

51. How much will it cost to publish a 20-word advertisement for two months?

A. $125
B. $130
C. $140
D. $190

52. How much will it cost to publish a 40-word advertisement for one month?

A. $75
B. $90
C. $91
D. $100

53. Under what condition will you receive a refund of half of your payment?

A. if you are not satisfied with their efforts
B. if you meet your partner before 6 months
C. if you don't meet your partner within 6 months
D. if you break your contract within the first month

54. In Surrey, from whom can you receive additional information?

A. Prempreet
B. Piara Singh
C. Prem or Preet Lal
D. Prem or Piara Singh

You have **Examination Booklet Form A**. In the box above #1 on your **Answer Sheet**, ensure you filled in the bubble as follows.

| Exam Booklet Form/ Cahier d'examen | A | B | C | D | E | F | G | H |
|---|---|---|---|---|---|---|---|---|
| | ● | ○ | ○ | ○ | ○ | ○ | ○ | ○ |

**This is the end of the multiple-choice section.**
**Answer the remaining questions in the space provided in the response booklet.**

## PART C: WRITING COMPONENT

## SECTION 6: MAP DIRECTIONS

**Value: 6 marks** **Suggested Time: 10 minutes**

**INSTRUCTIONS:** In the **Response Booklet**, use complete **Punjabi** sentences to respond to the topic given below. Use approximately 50 words. Avoid repetition and lists. Marks will be awarded for content and for grammatical correctness.

1. Prem lives in Amrit Plaza. His friend is arriving at the railway station where Prem will meet him. After they visit the museum, Prem will drop his friend at the airport. Describe the route he will take, including at least 3 landmarks as he passes them along the route. **(6 marks)**



## SECTION 7: LETTER

**Value: 12 marks** **Suggested Time: 10 minutes**

**INSTRUCTIONS:** In the **Response Booklet**, use complete **Punjabi** sentences to write a short letter on the topic given below. Use approximately 60 words. Avoid repetition and lists. Marks will be awarded for content and for grammatical correctness.

2. Your school is going on a field trip to visit many interesting places in British Columbia. Write a letter to your father/mother in India describing at least three places you are going to visit. **(12 marks)**

   **Note:** Letter should include appropriate salutation and closing phrases.
   Students must avoid identifying themselves, their schools, or school districts.

## SECTION 8: STORY COMPLETION

**Value: 18 marks** **Suggested Time: 15 minutes**

**INSTRUCTIONS:** In the **Response Booklet**, use complete **Punjabi** sentences to complete the story started below. Use approximately 100 words. Avoid repetition and lists. Marks will be awarded for content and for grammatical correctness.

3. "ਤੁਸੀਂ ਸਮਝਦੇ/ਸਮਝਦੀਆਂ ਕਿਉਂ ਨਹੀਂ ?" ਅੰਮ੍ਰਿਤ ਨੇ ਖਿੱਝ ਕੇ ਕਿਹਾ। "ਤੁਹਾਨੂੰ ਤਾਂ ਪਤਾ… **(18 marks)**

   "Why don't you understand?" Amrit said in frustration. "You know...

**END OF EXAMINATION**

**MINISTRY USE ONLY**

Place Personal Education Number (PEN) here.

# Course Code = PUN 12
# JUNE 2006

Exam Booklet Form/ Cahier d'examen A B C D E F G H

## Student Instructions

1. Place your Personal Education Number (PEN) label at the top of this Booklet **AND** fill in the bubble (Form A, B, C, D, E, F, G or H) that corresponds to the letter on your Examination Booklet.
2. Use a pencil to fill in bubbles when answering questions on your Answer Sheet.
3. Use a blue- or black-ink pen when answering written-response questions in this Booklet.
4. Read the Examination Rules on the back of this Booklet.

**MINISTRY USE ONLY**

Question 1

| 0 | 1 | 2 | 3 | 4 | 5 | 6 | NR |
|---|---|---|---|---|---|---|---|
| ☐ | ☐ | ☐ | ☐ | ☐ | ☐ | ☐ | ☐ |

Question 2

**Marker 1**

| 0 | 1 | 2 | 3 | 4 | 5 | 6 | NR |
|---|---|---|---|---|---|---|---|
| ☐ | ☐ | ☐ | ☐ | ☐ | ☐ | ☐ | ☐ |

**Marker 2**

| 0 | 1 | 2 | 3 | 4 | 5 | 6 | NR |
|---|---|---|---|---|---|---|---|
| ☐ | ☐ | ☐ | ☐ | ☐ | ☐ | ☐ | ☐ |

Question 3

**Marker 1**

| 0 | 1 | 2 | 3 | 4 | 5 | 6 | NR |
|---|---|---|---|---|---|---|---|
| ☐ | ☐ | ☐ | ☐ | ☐ | ☐ | ☐ | ☐ |

**Marker 2**

| 0 | 1 | 2 | 3 | 4 | 5 | 6 | NR |
|---|---|---|---|---|---|---|---|
| ☐ | ☐ | ☐ | ☐ | ☐ | ☐ | ☐ | ☐ |

**MINISTRY USE ONLY**

Place Personal Education Number (PEN) here.

## Course Code = PUN 12

# Punjabi 12

## JUNE 2006

## Response Booklet

BRITISH COLUMBIA
Ministry of Education

© Province of British Columb

# PART C: WRITING COMPONENT

## SECTION 6: MAP DIRECTIONS

**Question 1:**

## SECTION 7: LETTER

**Question 2:**

| | |
|---|---|
| **1st** | |
| **2nd** | |

## SECTION 8: STORY COMPLETION

**Question 3:**

| 1st | |
|---|---|
| 2nd | |

## Examination Rules

1. The time allotted for this examination is two hours.
   You may, however, take up to 60 minutes of additional time to finish.
2. Answers entered in the Examination Booklet will not be marked.
3. Cheating on an examination will result in a mark of zero. The Ministry of Education considers cheating to have occurred if a student breaks any of the following rules:

   - Candidates must not give or receive assistance of any kind in answering an examination question during an examination, including allowing one's paper to be viewed by others or copying answers from another student's paper.
   - Candidates must not possess any book, paper or item that might assist in writing an examination, including a dictionary or piece of electronic equipment, that is not specifically authorized for the examination by ministry policy.
   - Candidates must immediately follow the invigilator's order to stop writing at the end of the examination time and must not alter an Examination Booklet, Response Booklet or Answer Sheet after the invigilator has asked students to hand in examination papers.
   - Candidates must not communicate with another student during the examination.
   - Candidates must not remove any piece of the examination materials from the examination room, including work pages.
   - Candidates must not take or knowingly use any secure examination materials prior to the examination session.

4. The use of inappropriate language or content may result in a mark of zero being awarded.
5. Upon completion of the examination, return all examination materials to the supervising invigilator.